# ਡਰੋਨ ਇਨਵੈਸਟੀਗੇਸ਼ਨ, ਅਸੈਸਮੈਂਟ ਐਂਡ ਰਿਪੇਅਰ (DIAR) ਪ੍ਰੋਗਰਾਮ

*ਸੁਰੱਖਿਅਤ ਅਤੇ ਭਰੋਸੇਮੰਦ ਊਰਜਾ ਪ੍ਰਦਾਨ ਕਰਨ ਦੀ ਸਾਡੀ ਵਚਨਬੱਧਤਾ ਦੇ ਹਿੱਸੇ ਵਜੋਂ, ਅਸੀਂ ਅੱਗ ਦੇ ਜੋਖ਼ਮ ਨੂੰ ਕਿਰਿਆਸ਼ੀਲ ਢੰਗ ਨਾਲ ਹੱਲ ਕਰ ਰਹੇ ਹਾਂ।*

ਡਰੋਨ ਇਨਵੈਸਟੀਗੇਸ਼ਨ, ਅਸੈਸਮੈਂਟ, ਐਂਡ ਰਿਪੇਅਰ (DIAR) ਪ੍ਰੋਗਰਾਮ SDG&E ਦੇ ਜੰਗਲੀ ਅੱਗ ਨੂੰ ਘਟਾਉਣ ਸੰਬੰਧੀ ਪਲਾਨ (WMP) ਦੇ ਯਤਨਾਂ ਦਾ ਹਿੱਸਾ ਹੈ। DIAR ਪ੍ਰੋਗਰਾਮ SDG&E ਦੀਆਂ ਓਵਰਹੈੱਡ ਇਲੈਕਟ੍ਰਿਕ ਪਾਵਰ ਲਾਈਨਾਂ ਅਤੇ ਉਪਕਰਨਾਂ ਦੇ ਮੁਲਾਂਕਣ ਨੂੰ ਅੱਗ ਦੇ ਉੱਚ ਖਤਰੇ ਵਾਲੇ ਜ਼ਿਲ੍ਹਾ ਖੇਤਰਾਂ ਦੇ ਅੰਦਰ ਵਧਾਉਂਦਾ ਹੈ (ਪਿਛਲੇ ਪਾਸੇ ਦਾ ਨਕਸ਼ਾ ਦੇਖੋ)।

ਸਾਫ਼, ਸੁਰੱਖਿਅਤ ਅਤੇ ਭਰੋਸੇਮੰਦ ਊਰਜਾ ਸਪੈਲਿੰਗ ਮਿਸਟੇਕ ਕਰਨ ਲਈ ਸਾਡੀ ਵਚਨਬੱਧਤਾ ਦਾ ਮਤਲਬ ਹੈ, ਸਾਡੀਆਂ ਇਲੈਕਟ੍ਰਿਕ ਪਾਵਰ ਲਾਈਨਾਂ ਦੀ ਨਿਯਮਿਤ ਤੌਰ 'ਤੇ ਜਾਂਚ ਅਤੇ ਮੁਲਾਂਕਣ।

## DIAR ਪ੍ਰੋਗਰਾਮ ਬਾਰੇ

SDG&E ਦੇ ਜੰਗਲੀ ਅੱਗ ਨੂੰ ਘਟਾਉਣ ਸੰਬੰਧੀ ਪ੍ਰੋਗਰਾਮ (Wildfire Mitigation Program) ਦੇ ਸਮਰਥਨ ਵਿੱਚ, DIAR ਪ੍ਰੋਗਰਾਮ ਲੋੜੀਂਦੀ ਮੁਰੰਮਤ ਜਾਂ ਸੁਧਾਰਾਂ ਦੀ ਪਛਾਣ ਕਰਨ ਅਤੇ ਜੰਗਲੀ ਅੱਗ ਦੇ ਜੋਖ਼ਮ ਨੂੰ ਘੱਟ ਕਰਨ ਲਈ ਡਰੋਨ ਤਕਨਾਲੋਜੀ ਦੀ ਵਰਤੋਂ ਕਰਦੇ ਹੋਏ SDG&E® ਇਲੈਕਟ੍ਰਿਕ ਪਾਵਰ ਲਾਈਨਾਂ ਦਾ ਮੁਲਾਂਕਣ ਕਰੇਗਾ।

## ਕੀ ਉਮੀਦ ਕੀਤੀ ਜਾਵੇ

SDG&E ਕ੍ਰੂ ਮੈਂਬਰ ਅਤੇ/ਜਾਂ ਸਾਡੇ ਮਨਜ਼ੂਰਸ਼ੁਦਾ ਠੇਕੇਦਾਰ ਡਰੋਨ ਤਕਨਾਲੋਜੀ ਦੀ ਵਰਤੋਂ ਕਰਕੇ ਤੁਹਾਡੀ ਸੰਪੱਤੀ 'ਤੇ ਜਾਂ ਉਸਦੇ ਆਲੇ-ਦੁਆਲੇ ਓਵਰਹੈੱਡ ਇਲੈਕਟ੍ਰਿਕ ਪਾਵਰ ਲਾਈਨਾਂ ਦਾ ਵਿਆਪਕ ਮੁਲਾਂਕਣ ਕਰਨਗੇ।

ਇਸ ਮੁਲਾਂਕਣ ਨੂੰ ਪੂਰਾ ਕਰਨ ਲਈ, SDG&E ਦੇ ਕ੍ਰੂ ਮੈਂਬਰ ਅਤੇ/ਜਾਂ ਠੇਕੇਦਾਰਾਂ ਨੂੰ ਤੁਹਾਡੀ ਸੰਪੱਤੀ 'ਤੇ ਜਾਂ ਉਸਦੇ ਆਲੇ-ਦੁਆਲੇ ਸਾਡੀ ਇਲੈਕਟ੍ਰਿਕ ਪਾਵਰ ਲਾਈਨ ਸਹੂਲਤ ਅਤੇ ਰਾਈਟਸ-ਆਫ਼-ਵੇਅ ਦੇ ਸਥਾਨਾਂ ਤੱਕ ਪਹੁੰਚ ਦੀ ਜ਼ਰੂਰਤ ਹੋਵੇਗੀ।

SDG&E ਇਲੈਕਟ੍ਰਿਕ ਬੁਨਿਆਦੀ ਢਾਂਚੇ ਦੀਆਂ ਫ਼ੋਟੋਆਂ ਇਕੱਤਰ ਕਰਨ ਲਈ ਡਰੋਨਾਂ ਦੀ ਵਰਤੋਂ ਕੀਤੀ ਜਾਵੇਗੀ, ਜਿਸਦਾ ਮੁਲਾਂਕਣ SDG&E ਕਰਮਚਾਰੀਆਂ ਦੁਆਰਾ ਕੀਤਾ ਜਾਵੇਗਾ। ਪ੍ਰੋਗਰਾਮ ਦਾ ਉਦੇਸ਼ SDG&E ਦੇ ਬੁਨਿਆਦੀ ਢਾਂਚੇ ਦੀਆਂ ਫ਼ੋਟੋਆਂ ਲੈਣਾ ਹੈ, ਨਾ ਕਿ ਆਲੇ-ਦੁਆਲੇ ਦੇ ਖੇਤਰਾਂ ਦੀਆਂ ਫ਼ੋਟੋਆਂ



ਲੈਣਾ। ਕਿਰਪਾ ਕਰਕੇ ਇਸ ਦਸਤਾਵੇਜ਼ ਦੇ ਪਿਛਲੇ ਪੰਨੇ 'ਤੇ ਫੋਟੋਆਂ ਦੀ ਕਿਸਮ ਦੀਆਂ ਉਦਾਹਰਨਾਂ ਦੇਖੋ ਜੋ SDG&E ਲਵੇਗਾ। ਡਰੋਨ-ਨਾਲ-ਸੰਬੰਧਿਤ ਗਤੀਵਿਧੀਆਂ ਅਸਥਾਈ ਤੌਰ 'ਤੇ ਆਲੇ-ਦੁਆਲੇ ਦੇ ਸ਼ੋਰ ਦੇ ਪੱਧਰ ਜਾਂ ਧੂੜ ਨੂੰ ਵਧਾ ਸਕਦੀਆਂ ਹਨ।

ਡਰੋਨ ਸੰਬੰਧੀ ਮੁਲਾਂਕਣਾਂ ਦੌਰਾਨ, ਤੁਹਾਡੀ ਇਲੈਕਟ੍ਰਿਕ ਸੇਵਾ ਬਿਨਾਂ ਕਿਸੇ ਰੁਕਾਵਟ ਦੇ ਜਾਰੀ ਰਹੇਗੀ। ਇਹ ਮੁਲਾਂਕਣ ਸ਼ੁਰੂਆਤੀ ਪਤਝੜ ਤੋਂ ਕੀਤੇ ਜਾਣਗੇ ਅਤੇ 2020 ਦੇ ਅੰਤ ਤੱਕ ਜਾਰੀ ਰਹਿਣਗੇ।

## ਸੰਪਰਕ ਜਾਣਕਾਰੀ

ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਪ੍ਰੋਜੈਕਟ ਜਾਣਕਾਰੀ ਹਾਟਲਾਈਨ ਟੋਲ-ਫ੍ਰੀ ਨੰਬਰ **1-844-765-6388** 'ਤੇ ਕਾਲ ਕਰੋ, ਜਾਂ ***sdge.com/drone-program*** 'ਤੇ DIAR ਪ੍ਰੋਗਰਾਮ ਦੀ ਵੈੱਬਸਾਈਟ 'ਤੇ ਜਾਓ।

*ਪਿੱਛੇ ਜਾਰੀ* ▸

## ਅੱਗ ਦੇ ਉੱਚ ਖਤਰੇ ਵਾਲੇ ਜ਼ਿਲ੍ਹਿਆਂ ਦਾ ਨਕਸ਼ਾ




## DIAR ਪ੍ਰੋਗਰਾਮ ਲਈ ਕੈਪਚਰ ਕੀਤੇ ਚਿੱਤਰਾਂ ਦੀਆਂ ਉਦਾਹਰਨਾਂ






P.O. Box 129831 | San Diego, CA 92112-9831 | 1-800-411-7343 | ਸਾਡੇ ਨਾਲ **sdge.com** 'ਤੇ ਜੁੜੋ

© 2019 ਸੈਨ ਡਿਏਗੋ ਗੈਸ ਐਂਡ ਇਲੈਕਟ੍ਰਿਕ ਕੰਪਨੀ। ਸਾਰੇ ਕਾਪੀਰਾਈਟ ਅਤੇ ਟ੍ਰੇਡਮਾਰਕ ਅਧਿਕਾਰ ਰਾਖਵੇਂ ਹਨ। S1970151 1019 XM